BRITISH COLUMBIA

Ministry of Justice

# ਕਰਾਉਨ ਕੌਂਸਲ ਦਾ ਰੋਲ

- ਕਰਾਉਨ ਕੌਂਸਲ ਉਹ ਵਕੀਲ ਹਨ ਜਿਹੜੇ ਸਮੁੱਚੇ ਤੌਰ ਤੇ ਸਮਾਜ ਦੀ ਤਰਫੋਂ ਸਰਕਾਰੀ ਵਕੀਲ ਵਜੋਂ ਕੇਸ ਲੜਦੇ ਹਨ। ਕਰਾਉਨ ਕੌਂਸਲ ਨਿੱਜੀ ਤੌਰ ’ਤੇ ਪੀੜਿਤਾਂ ਦੀ ਪ੍ਰਤੀਨਿਧਤਾ ਨਹੀਂ ਕਰਦੇ।
- ਕਰਾਉਨ ਕੌਂਸਲ ਅਦਾਲਤ ਵਿਚ, ਬ੍ਰਿਟਿਸ਼ ਕੋਲੰਬੀਆ ਦੇ ਅਟਾਰਨੀ ਜਨਰਲ ਦੇ ਏਜੰਟਾਂ ਵਜੋਂ ਪੇਸ਼ ਹੁੰਦੇ ਹਨ। ਸੂਬੇ ਦੀ ਸੰਵਿਧਾਨਕ ਜ਼ਿੰਮੇਵਾਰੀ ਵਿਚ ਆਉਣ ਵਾਲੇ ਮੁਕੱਦਮਿਆਂ ਲਈ ਅਟਾਰਨੀ ਜਨਰਲ ਦਾ ਸਮੁੱਚਾ ਨਿਗਰਾਨੀ ਵਾਲਾ ਅਧਿਕਾਰ ਹੈ।
- ਬ੍ਰਿਟਿਸ਼ ਕੋਲੰਬੀਆ ਵਿਚ, ਸਰਕਾਰੀ ਵਕੀਲ ਇਹ ਫੈਸਲਾ ਕਰਦੇ ਹਨ ਕਿ ਕੀ ਮੁਜਰਮਾਨਾ ਚਾਰਜ ਲਗਾਏ ਜਾਣੇ ਚਾਹੀਦੇ ਹਨ।
  - ਪੁਲੀਸ ਕਥਿਤ ਜੁਰਮਾਂ ਦੀ ਪੜਤਾਲ ਕਰਦੀ ਹੈ ਅਤੇ ਸਬੂਤ ਇਕੱਠੇ ਕਰਦੀ ਹੈ।
  - ਫਿਰ ਪੁਲੀਸ ਰਿਪੋਰਟ ਤਿਆਰ ਕਰਦੀ ਹੈ ਅਤੇ ਕਰਾਉਨ ਕੌਂਸਲ (ਆਰ ਸੀ ਸੀ) ਕੋਲ ਦਰਜ ਕਰਵਾਉਂਦੀ ਹੈ।
  - ਫਿਰ, ਕਰਾਉਨ ਕੌਂਸਲ ਇਹ ਵਿਚਾਰ ਕਰਦਾ ਹੈ ਅਤੇ ਦੇਖਦਾ ਹੈ ਕਿ ਕੀ ਅਤੇ ਕਿਹੜੇ ਚਾਰਜ ਲਗਾਏ ਜਾਣੇ ਹਨ ਅਤੇ ਕਿਸੇ ਦੇ ਖਿਲਾਫ ਲਗਾਏ ਜਾਣੇ ਹਨ।
- ਸੂਬਾਈ ਕਰਾਉਨ ਕੌਂਸਲ ਬ੍ਰਿਟਿਸ਼ ਕੋਲੰਬੀਆ ਵਿਚ ਕੈਨੇਡਾ ਦੇ ਕਰਿਮੀਨਲ ਕੋਡ ਅਤੇ ਸੂਬਾਈ ਕਾਨੂੰਨਾਂ ਹੇਠ ਆਉਂਦੇ ਸਾਰੇ ਜੁਰਮਾਂ ਅਤੇ ਅਪੀਲਾਂ ਦੇ ਮੁਕੱਦਮੇ ਲੜਦਾ ਹੈ। ਫੈਡਰਲ ਪ੍ਰੌਸੀਕਿਊਸ਼ਨ ਸਰਵਿਸ, ਫੈਡਰਲ ਕਾਨੂੰਨ ਅਧੀਨ ਆਉਂਦੇ ਖਾਸ ਜੁਰਮਾਂ ਦੇ ਮੁਕੱਦਮੇ ਚਲਾਉਣ ਲਈ ਜ਼ਿੰਮੇਵਾਰ ਹੈ, ਜਿਸ ਵਿਚ ਨਸ਼ਿਆਂ ਜਾਂ ਇਨਕਮ ਟੈਕਸ ਦੇ ਚਾਰਜ ਸ਼ਾਮਲ ਹਨ।
- ਕਰਾਉਨ ਕੌਂਸਲ, ਮਾਮਲੇ ਦੇ ਸੰਬੰਧ ਵਿੱਚ ਪ੍ਰੌਸੀਕਿਊਸ਼ਨ (ਸਰਕਾਰ) ਦਾ ਪੱਖ ਪੇਸ਼ ਕਰਨ ਲਈ ਜ਼ਿੰਮੇਵਾਰ ਹੈ। ਉਹ ਗਵਾਹ ਸੱਦਦੇ ਹਨ ਤਾਂ ਜੋ ਉਹ ਅਦਾਲਤ ਵਿਚ ਗਵਾਹੀ ਦੇ ਸਕਣ, ਸਬੂਤ ਪੇਸ਼ ਕਰਦੇ ਹਨ, ਅਤੇ ਜੱਜ ਅਤੇ ਜਿਊਰੀ ਨੂੰ ਕਥਿਤ ਜੁਰਮ ਦੇ ਵੇਰਵੇ ਦੱਸਦੇ ਹਨ।
- ਕਰਾਉਨ ਕੌਂਸਲ ਦਾ ਫਰਜ਼ ਕਿਸੇ ਵੀ ਕੀਮਤ ’ਤੇ ਦੋਸ਼ ਸਿੱਧ ਕਰਨਾ ਨਹੀਂ ਹੈ, ਪਰ ਇਹ ਯਕੀਨੀ ਬਣਾਉਣਾ ਹੈ ਕਿ ਮੁਕੱਦਮੇ ਦੀ ਕਾਰਵਾਈ ਸਾਰਿਆਂ ਲਈ ਨਿਰਪੱਖ ਹੈ, ਅਤੇ ਸਬੂਤ ਪੂਰੀ ਅਤੇ ਸਹੀ ਤਰ੍ਹਾਂ ਪੇਸ਼ ਕੀਤੇ ਗਏ ਹਨ ਅਤੇ ਨਿਆਂ ਕਾਰਜ ਦੀ ਨੇਕ ਨੀਤੀ ਕਾਇਮ ਰੱਖੀ ਗਈ ਹੈ।
- ਇਹ ਫੈਸਲਾ ਕਰਨ ਲਈ ਕਿ ਕੀ ਮੁਜਰਮਾਨਾ ਚਾਰਜਾਂ ਨੂੰ ਪ੍ਰਵਾਨਗੀ ਦਿੱਤੀ ਜਾਣੀ ਚਾਹੀਦੀ ਹੈ, ਇਕ ਦੋ-ਹਿੱਸਿਆਂ ਵਾਲੇ ਟੈੱਸਟ ਦੀ ਵਰਤੋਂ ਕੀਤੀ ਜਾਂਦੀ ਹੈ: ਪਹਿਲਾ ਇਹ ਕਿ ਪੁਲੀਸ ਵਲੋਂ ਇਕੱਠੇ ਕੀਤੇ ਗਏ ਸਬੂਤਾਂ ਦੇ ਆਧਾਰ ’ਤੇ ਦੋਸ਼ ਸਿੱਧ ਹੋਣ ਦੀ ਸਚਮੁੱਚ ਸੰਭਾਵਨਾ ਹੋਣੀ ਜ਼ਰੂਰੀ ਹੈ, ਅਤੇ ਦੂਜਾ ਮੁਕੱਦਮਾ ਲੋਕ ਹਿੱਤਾਂ ਵਿਚ ਹੋਣਾ ਜ਼ਰੂਰੀ ਹੈ।
- ਕਰਾਉਨ ਕੌਂਸਲ ਜੁਰਮਾਂ ਦੀ ਪੜਤਾਲ ਨਹੀਂ ਕਰਦਾ। ਅਤੇ ਨਾ ਹੀ ਉਨ੍ਹਾਂ ਕੋਲ ਨਿੱਜੀ ਪੜਤਾਲਾਂ ਦੇ ਸੰਬੰਧ ਵਿਚ ਪੁਲੀਸ ਉੱਪਰ ਕੋਈ ਅਧਿਕਾਰ ਹੈ।
- ਜਦੋਂ ਕੋਈ ਵਿਅਕਤੀ ਕਿਸੇ ਜੁਰਮ ਲਈ ਦੋਸ਼ੀ ਸਾਬਤ ਹੋ ਜਾਂਦਾ ਹੈ ਤਾਂ ਕਰਾਉਨ ਕੌਂਸਲ ਅਦਾਲਤ ਕੋਲ ਸਜ਼ਾ ਲਈ ਆਪਣਾ ਦ੍ਰਿਸ਼ਟੀਕੋਣ ਦੱਸਦਾ ਹੈ, ਪਰ ਕਿਸੇ ਜੁਰਮ ਲਈ ਢੁਕਵੀਂ ਸਜ਼ਾ ਦਾ ਫੈਸਲਾ ਜੱਜ ਦਾ ਹੁੰਦਾ ਹੈ।
- ਅਸਿਸਟੈਂਟ ਡਿਪਟੀ ਅਟਾਰਨੀ ਜਨਰਲ (ਏ ਡੀ ਏ ਜੀ) ਪ੍ਰੌਸੀਕਿਊਸ਼ਨ ਸਰਵਿਸ ਦਾ ਮੁੱਖੀ ਹੈ। ਸਾਰੇ ਮੁਜਰਮਾਨਾ ਮੁਕੱਦਮੇ ਕਰਨ ਅਤੇ ਇਨ੍ਹਾਂ ਦੀ ਨਿਗਰਾਨੀ ਕਰਨ ਉੱਪਰ ਏ ਡੀ ਏ ਜੀ ਦਾ ਅਧਿਕਾਰ ਹੈ।
- ਭਾਵੇਂ ਕਿ ਕਰਿਮੀਨਲ ਜਸਟਿਸ ਬਰਾਂਚ, ਮਨਿਸਟਰੀ ਔਫ ਜਸਟਿਸ ਦਾ ਹਿੱਸਾ ਹੈ ਪਰ ਮੁਕੱਦਮਿਆਂ ਦਾ ਕੰਮ ਸਰਕਾਰ ਤੋਂ ਆਜ਼ਾਦ ਹੈ, ਤਾਂ ਜੋ ਕਿਸੇ ਅਸਲੀ ਜਾਂ ਦਿਖਾਈ ਦਿੰਦੇ ਗਲਤ ਅਸਰ ਦੀ ਕਿਸੇ ਸੰਭਾਵਨਾ ਤੋਂ ਬਚਿਆ ਜਾ ਸਕੇ।



**ਕਰਿਮੀਨਲ ਜਸਟਿਸ ਬਰਾਂਚ ਦਾ ਸੁਪਨਾ:**

**ਹੌਂਸਲੇ ਵਾਲੀ, ਨਿਆਂਕਾਰੀ ਅਤੇ ਕਾਬਲ – ਮੁਕੱਦਮਿਆਂ ਦੀ ਸਰਵਿਸ ਜਿਸ ਵਿਚ ਲੋਕਾਂ ਦਾ ਭਰੋਸਾ ਹੈ**

**www.ag.gov.bc.ca/prosecution-service/**